# Departure of Indian Air Force special flight carrying medical assistance to Wuhan, China

February 26, 2020

…………………………………………………………………………………………………

## ਡਾਕਟਰੀ ਸਹਾਇਤਾ ਲੈ ਕੇ ਭਾਰਤੀ ਹਵਾਈ ਫੌਂਜ ਦੀ ਵਿਸ਼ੇਸ਼ ਉਡਾਣ ਹੋਈ ਵੂਹਾਨ (ਚੀਨ) ਲਈ ਰਵਾਨਾ

26 ਫਰਵਰੀ, 2020

ਲਗਭਗ 15 ਟਨ ਵਜ਼ਨੀ ਡਾਕਟਰੀ ਸਹਾਇਤਾ ਸਮਗਰੀ ਜਿਵੇਂ ਮਾਸਕ, ਦਸਤਾਨੇ ਅਤੇ ਹੋਰ ਐਮਰਜੈਂਸੀ ਮੈਡੀਕਲ ਉਪਕਰਣ ਲੈਕੇ ਭਾਰਤੀ ਹਵਾਈ ਫੌਜ ਦੀ ਇੱਕ ਵਿਸ਼ੇਸ਼ ਉਡਾਣ 26 ਫਰਵਰੀ 2020 ਨੂੰ ਵੂਹਾਨ (ਚੀਨ) ਲਈ ਰਵਾਨਾ ਹੋਈ।

ਇਹ ਮਦਦ ਚੀਨ ਵਿੱਚ ਫੈਲੇ ਕੋਰੋਨਾ ਵਾਇਰਸ (ਕੋਵਿਡ 19) ਅਤੇ ਚੀਨ ਦੁਆਰਾ ਮਾਸਕ ਅਤੇ ਮੈਡੀਕਲ ਉਪਕਰਣ ਵਰਗੇ ਸਮਾਨ ਸੰਬੰਧੀ ਕੀਤੀ ਗਈ ਬੇਨਤੀ ਦੇ ਮੱਦੇਨਜ਼ਰ ਪ੍ਰਦਾਨ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਫਰਵਰੀ 2020 ਨੂੰ ਚੀਨ ਦੀ ਸਰਕਾਰ ਨਾਲ ਭਾਰਤੀ ਲੋਕਾਂ ਅਤੇ ਭਾਰਤ ਸਰਕਾਰ ਦੀ ਇਕਜੁੱਟਤਾ ਜ਼ਾਹਰ ਕਰਦੇ ਹੋਏ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਖ਼ਤ ਲਿਖਿਆ ਸੀ ਅਤੇ ਮੁਸੀਬਤ ਦੀ ਇਸ ਘੜੀ 'ਚ ਚੀਨ ਨੂੰ ਤੋਹਫ਼ੇ ਵਜੋਂ ਮਦਦ ਦੀ ਪੇਸ਼ਕਸ਼ ਕੀਤੀ ਸੀ। ਇਸ ਡਾਕਟਰੀ ਸਮਾਨ ਨਾਲ ਇਸ ਬੀਮਾਰੀ ਦੇ ਪ੍ਰਕੋਪ ਨੂੰ ਕਾਬੂ ਕਰਨ 'ਚ ਚੀਨ ਦੇ ਯਤਨਾਂ ਨੂੰ ਮਜ਼ਬੂਤੀ ਦੇਣ ਵਿਚ ਮਦਦ ਮਿਲੇਗੀ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਨੇ ਜਨਤਕ ਸਿਹਤ ਦੇ ਪਿਛੋਕੜ 'ਚ ਐਮਰਜੈਂਸੀ ਐਲਾਨਿਆ ਹੈ।

ਅੱਜ ਭੇਜੀ ਜਾ ਰਹੀ ਮਦਦ ਭਾਰਤੀ ਲੋਕਾਂ ਦੀ ਚੀਨੀ ਲੋਕਾਂ ਪ੍ਰਤੀ ਦੋਸਤੀ ਅਤੇ ਏਕਤਾ ਦਾ ਪ੍ਰਤੀਕ ਵੀ ਹੈ ਕਿਉਂਕਿ ਦੋਵੇਂ ਦੇਸ਼ ਇਸ ਸਾਲ ਕੂਟਨੀਤਕ ਸੰਬੰਧ ਸਥਾਪਤ ਹੋਣ ਦੀ 70ਵੀਂ ਵਰੇਗੰਢ ਮਨਾ ਰਹੇ ਹਨ।

ਹਵਾਈ ਫੌਜ ਦੀ ਇਸ ਉਡਾਣ ਰਾਹੀਂ ਸਾਡੇ ਕੁਝ ਗੁਆਂਢੀ ਮੁਲਕਾਂ 'ਚ ਫਸੇ ਹੋਏ ਕੁਝ ਭਾਰਤੀ ਅਤੇ ਵਿਦੇਸ਼ੀ ਨਾਗਰਿਕਾਂ ਨੂੰ ਵੀ ਵਾਪਸ ਲਿਆਂਦਾ ਜਾਵੇਗਾ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ "ਪਹਿਲਾਂ ਗੁਆਂਢੀ" ਨੀਤੀ ਮੁਤਾਬਕ ਭਾਰਤ ਆਉਣ ਦੇ ਮਾਮਲੇ 'ਚ ਮਦਦ ਦੀ ਮੰਗ ਕੀਤੀ ਹੈ।

ਨਵੀਂ ਦਿੱਲੀ
26 ਫਰਵਰੀ, 2020

DISCLAIMER : This is an approximate translation. The original is available in English on MEA's website and may be referred to as the official press release.